ਸਰਕਾਰੀ ਡਾਇਰੀ

ਪਨਬੱਸ ਕਾਮਿਆਂ ਦੇ ਮਸਲੇ ਜਲਦ ਹੱਲ ਕਰਨ ਦੇ ਨਿਰਦੇਸ਼

ਟਰਾਂਸਪੋਰਟ ਕਾਮਿਆਂ ਦੀਆਂ ਸਾਰੀਆਂ ਜਾਇਜ਼ ਮੰਗਾਂ ਦੇ ਹੱਲ ਲਈ ਵਚਨਬੱਧ ਹਾਂ : ਹਰਪਾਲ ਚੀਮਾ



ਚੰਡੀਗੜ੍ਹ, 4 ਨਵੰਬਰ (ਸਸਸ) : ਟਰਾਂਸਪੋਰਟ ਕਾਮਿਆਂ ਦੇ ਹਿੱਤਾਂ ਦੀ ਰਾਖੀ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਿੱਤ ਅਤੇ ਟਰਾਂਸਪੋਰਟ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਪੰਜਾਬ ਰੋਡਵੇਜ਼ (ਪਨਬੱਸ) ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਨਾਲ ਇਕ ਅਹਿਮ ਮੀਟਿੰਗ ਕੀਤੀ, ਜਿਸ ਵਿਚ ਉਨ੍ਹਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਤੇ ਸੇਵਾ ਨਾਲ ਸਬੰਧਤ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਯੂਨੀਅਨ ਨੁਮਾਇੰਦਿਆਂ ਵਲੋਂ ਉਠਾਏ ਗਏ ਮੁੱਦਿਆਂ ਦਾ ਗੰਭੀਰ ਨੋਟਿਸ ਲੈਂਦਿਆਂ ਕੈਬਨਿਟ ਮੰਤਰੀ ਨੇ ਟਰਾਂਸਪੋਰਟ ਵਿਭਾਗ ਨੂੰ ਸਾਰੀਆਂ ਜਾਇਜ਼ ਮੰਗਾਂ ਦਾ ਜਲਦ ਨਿਪਟਾਰਾ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਮੀਟਿੰਗ ਦੌਰਾਨ ਮੰਤਰੀ ਹਰਪਾਲ ਸਿੰਘ ਚੀਮਾ ਨੇ ਟਰਾਂਸਪੋਰਟ ਵਿਭਾਗ ਨੂੰ ਟਰਾਂਸਪੋਰਟ ਵਰਕਰਾਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਤੁਰਤ ਕਾਰਵਾਈ ਕਰਨ ਦੇ ਨਿਰਦੇਸ਼ ਦਿਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਾਨੂੰਨੀ ਜਾਂਚ ਦੀ ਲੋੜ ਵਾਲੇ ਮੁੱਦਿਆਂ ਨੂੰ ਵੀ ਸਮਰਪਿਤ ਵਿਧੀ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਸੁਚੱਜੇ ਹੱਲ ਨੂੰ ਯਕੀਨੀ ਬਣਾਇਆ ਜਾ ਸਕੇ। ਕਾਨੂੰਨੀ ਮੁਲਾਂਕਣ ਦੀ ਲੋੜ ਵਾਲੇ ਗੁੰਝਲਦਾਰ ਸੇਵਾ-ਸਬੰਧੀ ਮਾਮਲਿਆਂ ਲਈ ਵਿੱਤ ਮੰਤਰੀ ਨੇ ਵਿਭਾਗ ਨੂੰ ਐਡਵੋਕੇਟ ਜਨਰਲ (ਏ.ਜੀ.) ਦੇ ਦਫ਼ਤਰ ਨਾਲ ਸਮਰਪਤ ਮੀਟਿੰਗ ਬੁਲਾਉਣ ਦੇ ਨਿਰਦੇਸ਼ ਦਿਤੇ ਤਾਂ ਜੋ ਵਿਸ਼ੇਸ਼ ਮਾਮਲਿਆਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਜਾ ਸਕੇ ਅਤੇ ਉਨ੍ਹਾਂ ਦੇ ਢੁਕਵੇਂ ਹੱਲ ਲੱਭੇ ਜਾ ਸਕਣ। ਪਨਬਸ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੀ ਨੁਮਾਇੰਦਗੀ ਕਰਦਿਆਂ ਸੂਬਾ ਪ੍ਰਧਾਨ ਹਰਮਿੰਦਰ ਸਿੰਘ, ਸੂਬਾ ਜਨਰਲ ਸਕੱਤਰ ਲਖਵਿੰਦਰ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਬਚਿੱਤਰ ਸਿੰਘ ਵਲੋਂ ਮੀਟਿੰਗ ਦੌਰਾਨ ਟਰਾਂਸਪੋਰਟ ਵਰਕਰਾਂ ਦੀਆਂ ਮੁੱਖ ਮੰਗਾਂ ਅਤੇ ਸਮੱਸਿਆਵਾਂ ਨੂੰ 'ਤੇ ਪੇਸ਼ ਕੀਤਾ ਗਿਆ।



ਹਾਦਸੇ ਵਿਚ ਜਿੰਮ ਮਾਲਕ ਦੀ ਮੌਤ

ਲੁਧਿਆਣਾ, 4 ਨਵੰਬਰ (ਸਸਸ) : ਗਿੱਲ ਰੋਡ ਉਤੇ ਪੰਜਾਬ ਹੈਂਡਲੂਮ ਦੇ ਨੇੜੇ ਵਾਪਰੇ ਇਕ ਦਰਦਨਾਕ ਸੜਕ ਹਾਦਸੇ ਵਿਚ 27 ਸਾਲਾ ਨੌਜਵਾਨ ਦੀਪਕ ਕੁਮਾਰ ਦੀ ਜਾਨ ਚਲੀ ਗਈ। ਦੀਪਕ, ਜੋ ਕਿ ਇਕ ਜਿੰਮ ਚਲਾਉਂਦਾ ਸੀ, ਅਪਣੀ ਮੋਟਰਸਾਈਕਲ ਦੀ ਮੁਰੰਮਤ ਤੇ ਦੇਖਭਾਲ ਕਰਵਾਉਣ ਲਈ ਜਾ ਰਿਹਾ ਸੀ। ਇਸੇ ਦੌਰਾਨ ਇਕ ਬੱਸ ਨੇ ਉਸ ਦੀ ਮੋਟਰਸਾਈਕਲ ਨੂੰ ਜ਼ੋਰਦਾਰ ਟੱਕਰ ਮਾਰ ਦਿਤੀ, ਜਿਸ ਕਾਰਨ ਉਹ ਬੱਸ ਦੇ ਪਿਛਲੇ ਪਹੀਏ ਹੇਠਾਂ ਆ ਗਿਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਪੁਲਿਸ ਨੇ ਬੱਸ ਚਾਲਕ ਲਖਵਿੰਦਰ ਸਿੰਘ ਵਿਰੁਧ ਮਾਮਲਾ ਦਰਜ ਕਰ ਲਿਆ ਹੈ। ਮ੍ਰਿਤਕ ਦੇ ਭਰਾ ਪ੍ਰੇਮ ਪ੍ਰਕਾਸ਼ ਨੇ ਇਸ ਹਾਦਸੇ ਲਈ ਸੜਕ ਦੀ ਮਾੜੀ ਹਾਲਤ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਪ੍ਰਸ਼ਾਸਨ 'ਤੇ ਲਾਪਰਵਾਹੀ ਦੇ ਦੋਸ਼ ਲਾਏ ਹਨ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਭੇਜ ਦਿਤਾ ਹੈ।

ਅਮਨ ਅਰੋੜਾ ਵਲੋਂ 'ਪੰਜਾਬ ਇਨਵੈਸਟਰ ਸਰਕਲ 2.0' ਦੀ ਸ਼ੁਰੂਆਤ

- 28 ਸਟਾਰਟਅੱਪਸ ਨੂੰ 1.17 ਕਰੋੜ ਰੁਪਏ ਦੀ ਸੀਡ ਗ੍ਰਾਂਟ ਵੰਡੀ



ਚੰਡੀਗੜ੍ਹ, 4 ਨਵੰਬਰ (ਸਸਸ) : ਸੂਬੇ ਦੇ ਖੋਜ ਅਤੇ ਨਵੀਨਤਾ-ਅਧਾਰਤ ਵਿਕਾਸ ਨੂੰ ਵੱਡਾ ਹੁਲਾਰਾ ਦਿੰਦਿਆਂ ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਸ੍ਰੀ ਅਮਨ ਅਰੋੜਾ ਨੇ 'ਪੰਜਾਬ ਇਨਵੈਸਟਰ ਸਰਕਲ' ਦੇ ਪਹਿਲੇ ਪੜਾਅ ਦੀ ਸ਼ੁਰੂਆਤ ਤੋਂ ਮਹਿਜ਼ ਚਾਰ ਮਹੀਨਿਆਂ ਦੇ ਅੰਦਰ ਹੀ ਅੱਜ ਇਸ ਦੇ ਦੂਜੇ ਐਡੀਸ਼ਨ ਦਾ ਸ਼ਾਨਦਾਰ ਆਗਾਜ਼ ਕੀਤਾ। ਇਸ ਵਿਸ਼ੇਸ਼ ਸਮਾਗਮ ਦੌਰਾਨ ਉਨ੍ਹਾਂ ਨੇ ਸੂਬੇ ਦੇ ਸਟਾਰਟਅੱਪ ਈਕੋਸਿਸਟਮ ਨੂੰ ਹੋਰ ਮਜ਼ਬੂਤ ਕਰਨ ਅਤੇ ਉਦਮੀਆਂ ਨੂੰ ਉਤਸ਼ਾਹਤ ਕਰਨ ਲਈ 28 ਉਭਰਦੇ ਸਟਾਰਟਅੱਪਸ ਨੂੰ 1.17 ਕਰੋੜ ਰੁਪਏ ਦੀ ਸੀਡ ਗ੍ਰਾਂਟ ਵੀ ਵੰਡੀ। ਇਥੇ ਇਕ ਹੋਟਲ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਉਦਯੋਗ ਮੰਤਰੀ ਅਮਨ ਅਰੋੜਾ ਨੇ ਦਸਿਆ ਕਿ ਪੰਜਾਬ ਵਿਚ ਸਟਾਰਟਅੱਪਸ ਦੀ ਗਿਣਤੀ ਪਿਛਲੇ ਪੰਜ ਸਾਲਾਂ ਦੌਰਾਨ 36 ਤੋਂ ਵਧ ਕੇ ਸਾਲ 2026 ਵਿਚ 404 ਤਕ ਪਹੁੰਚ ਗਈ ਹੈ, ਜਿਨ੍ਹਾਂ ਵਿਚੋਂ 50 ਫ਼ੀ ਸਦੀ ਦੀ ਅਗਵਾਈ ਮਹਿਲਾ ਡਾਇਰੈਕਟਰਾਂ ਵਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦਸਿਆ ਕਿ ਹੁਣ ਤਕ 222 ਸਟਾਰਟਅੱਪਸ ਨੂੰ ਕੁੱਲ 6.80 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿਤੀ ਜਾ ਚੁੱਕੀ ਹੈ। ਨਵੀਂ 'ਪੰਜਾਬ ਸਟਾਰਟਅੱਪ ਨੀਤੀ 2026' ਤਹਿਤ ਯੋਗ ਉਦਮੀਆਂ ਨੂੰ 15 ਲੱਖ ਰੁਪਏ ਤਕ ਦੀ ਸੀਡ ਗ੍ਰਾਂਟ, ਵਿਆਜ ਸਬਸਿਡੀ ਅਤੇ ਸਰਕਾਰੀ ਖਰੀਦ ਵਿੱਚ ਵਿਸ਼ੇਸ਼ ਤਰਜੀਹ ਦਿਤੀ ਜਾ ਰਹੀ ਹੈ। ਉਨ੍ਹਾਂ ਨੌਜਵਾਨ ਉਦਮੀਆਂ ਨੂੰ ਵੱਡੀ ਸੋਚ ਰੱਖ ਕੇ ਗਲੋਬਲ ਕੰਪਨੀਆਂ ਅਤੇ ਯੂਨੀਕੋਰਨ ਬਣਾਉਣ ਦਾ ਸੁਪਨਾ ਵੇਖਣ ਲਈ ਪ੍ਰੇਰਿਤ ਕੀਤਾ। ਸਮਾਗਮ ਦਾ ਮੁੱਖ ਆਕਰਸ਼ਣ 'ਇਨਵੈਸਟਰ ਪਿੱਚਿੰਗ ਸੈਸ਼ਨ' ਰਿਹਾ, ਜਿੱਥੇ 10 ਚੋਣਵੇਂ ਸਟਾਰਟਅੱਪਸ ਨੇ ਆਰਟੀਫ਼ਿਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਬਾਇਓਟੈਕਨਾਲੋਜੀ, ਹੈਲਥ-ਟੈਕ ਅਤੇ ਐਗਰੀ-ਟੈਕ ਵਰਗੀਆਂ ਅਤਿ-ਆਧੁਨਿਕ ਤਕਨਾਲੋਜੀਆਂ ਨਿਵੇਸ਼ਕਾਂ ਅੱਗੇ ਪ੍ਰਦਰਸ਼ਿਤ ਕੀਤੀਆਂ। ਇਸ ਦੇ ਨਾਲ ਹੀ 'ਸਟਾਰਟਅੱਪ ਪੰਜਾਬ' ਨੇ 'ਜ਼ੋਹੋ ਕਾਰਪੋਰੇਸ਼ਨ' ਨਾਲ ਇਕ ਸਮਝੌਤਾ ਪੱਤਰ 'ਤੇ ਸਹੀ ਪਾਈ। ਉਦਯੋਗ ਅਤੇ ਵਣਜ ਵਿਭਾਗ ਦੇ ਪ੍ਰਸ਼ਾਸਕੀ ਸਕੱਤਰ ਡਾ. ਬਸੰਤ ਗਰਗ ਨੇ ਕਿਹਾ ਕਿ ਇਹ ਪਹਿਲਕਦਮੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨੌਜਵਾਨਾਂ ਦੀ ਅਗਵਾਈ ਵਾਲੇ ਉੱਦਮਾਂ ਨੂੰ ਉਤਸ਼ਾਹਿਤ ਕਰਨ ਅਤੇ ਸੂਬੇ ਵਿੱਚ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਸੁਪਨੇ ਨੂੰ ਦਰਸਾਉਂਦੀ ਹੈ। ਸਮਾਗਮ ਵਿੱਚ ਉਦਯੋਗ ਵਿਭਾਗ ਦੇ ਡਾਇਰੈਕਟਰ ਜਸਪ੍ਰੀਤ ਸਿੰਘ, ਪੰਜਾਬ ਵਿੱਤੀ ਕਾਰਪੋਰੇਸ਼ਨ ਦੀ ਮੈਨੇਜਿੰਗ ਡਾਇਰੈਕਟਰ ਸੇਨੂ ਦੁੱਗਲ ਸਮੇਤ ਕਈ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਸੰਧਵਾਂ ਨੇ ਲਾਲ ਲਕੀਰ ਅੰਦਰ ਰਹਿੰਦੇ ਲੋਕਾਂ ਨੂੰ ਦਿਤੀ ਮਾਲਕੀ



ਕੋਟਕਪੂਰਾ, 4 ਨਵੰਬਰ (ਗੁਰਮੀਤ ਸਿੰਘ ਮੀਤਾ) : ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਕੋਟਕਪੂਰਾ ਹਲਕੇ ਦੇ ਪਿੰਡ ਹਰੀ ਨੌਂ ਅਤੇ ਪਿੰਡ ਖਾਰਾ ਵਿਖੇ ਪਹੁੰਚ ਕੇ ਲਾਲ ਲਕੀਰ ਅੰਦਰ ਵਸਦੇ ਲੋਕਾਂ ਨੂੰ ਉਨ੍ਹਾਂ ਦੇ ਮਾਲਕੀ ਹੱਕਾਂ ਸਬੰਧੀ ਦਸਤਾਵੇਜ਼ ਤਕਸੀਮ ਕੀਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਇਨ੍ਹਾਂ ਦਸਤਾਵੇਜ਼ਾਂ ਨਾਲ ਲੋਕਾਂ ਨੂੰ ਅਪਣੀਆਂ ਜਾਇਦਾਦਾਂ ਦੇ ਮਾਲਕੀ ਹੱਕਾਂ ਸਬੰਧੀ ਕਾਨੂੰਨੀ ਦਸਤਾਵੇਜ਼ ਪ੍ਰਾਪਤ ਹੋਣਗੇ ਅਤੇ ਉਹ ਅਪਣੀ ਜਾਇਦਾਦ ਸਬੰਧੀ ਹੱਕਾਂ ਦਾ ਲਾਭ ਲੈ ਸਕਣਗੇ। ਉਨ੍ਹਾਂ ਕਿਹਾ ਕਿ ਲਾਲ ਲਕੀਰ ਅੰਦਰ ਰਹਿ ਰਹੇ ਲੋਕਾਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਦੇ ਮਾਲਕੀ ਹੱਕ ਦੇਣ ਨਾਲ ਲੋਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋ ਰਹੀ ਹੈ। ਇਸ ਨਾਲ ਲੋਕਾਂ ਨੂੰ ਜਾਇਦਾਦ ਸਬੰਧੀ ਦਸਤਾਵੇਜ਼ੀ ਹੱਕ ਮਿਲਣ ਦੇ ਨਾਲ-ਨਾਲ ਭਵਿੱਖ ਵਿੱਚ ਵੀ ਕਈ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਕਰਨ ਵਿਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਸਰਕਾਰੀ ਸਹੂਲਤਾਂ ਦਾ ਲਾਭ ਆਖ਼ਰੀ ਕਤਾਰ ਵਿਚ ਖੜੇ ਵਿਅਕਤੀ ਤਕ ਪਹੁੰਚਾਉਣਾ ਅਤੇ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਮੁਹੱਈਆ ਕਰਵਾਉਣਾ ਹੈ। ਇਸ ਉਪਰੰਤ ਉਨ੍ਹਾਂ ਪਿੰਡ ਖਾਰਾ ਵਿਖੇ ਬਣਾਈ ਸੱਥ ਦਾ ਵੀ ਉਦਘਾਟਨ ਕੀਤਾ। ਇਸ ਮੌਕੇ ਤਹਿਸੀਲਦਾਰ ਕੋਟਕਪੂਰਾ ਪਰਮਿੰਦਰ ਸਿੰਘ, ਪਿੰਡ ਹਰੀ ਨੌਂ ਦੇ ਸਰਪੰਚ ਅਜੀਤ ਸਿੰਘ, ਜਗਤਾਰ ਸਿੰਘ ਜੱਗਾ ਸਰਪੰਚ ਖਾਰਾ, ਮਨਪ੍ਰੀਤ ਮਨੀ ਧਾਲੀਵਾਲ, ਅਮਨਦੀਪ ਬਾਬਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਿੰਡ ਵਾਸੀ ਅਤੇ ਲਾਭਪਾਤਰੀ ਹਾਜ਼ਰ ਸਨ।

ਮਾਨ ਸਰਕਾਰ ਨੇ 1,325 ਕਰੋੜ ਰੁਪਏ ਨਾਲ ਉਪਲੱਬਧ ਕਰਵਾਈਆਂ 94,456 ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ : ਗੁਰਮੀਤ ਖੁੱਡੀਆਂ



ਚੰਡੀਗੜ੍ਹ, 4 ਨਵੰਬਰ (ਸਸਸ) : ਪਰਾਲੀ ਪ੍ਰਬੰਧਨ ਦੀ ਦਿਸ਼ਾ ਵਿਚ ਕੀਤੇ ਜਾ ਰਹੇ ਯਤਨਾਂ ਤਹਿਤ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ 1325.35 ਕਰੋੜ ਰੁਪਏ ਦਾ ਵੱਡਾ ਨਿਵੇਸ਼ ਕੀਤਾ ਹੈ, ਜਿਸ ਬਦੌਲਤ ਹੁਣ ਸੂਬੇ ਵਿਚ 94,456 ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਉਪਲਬਧ ਹਨ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 90 ਫ਼ੀਸਦੀ ਕਮੀ ਆਈ ਹੈ-ਜੋ ਸਾਲ 2022 ਵਿੱਚ 49,922 ਮਾਮਲਿਆਂ ਤੋਂ ਘਟ ਕੇ ਸਾਲ 2025 ਵਿੱਚ ਮਹਿਜ਼ 5,114 ਰਹਿ ਗਈਆਂ। ਪਿਛਲੇ ਤਕਰੀਬਨ ਸਾਢੇ ਚਾਰ ਸਾਲਾਂ ਦੇ ਅੰਕੜੇ ਜਾਰੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦਸਿਆ ਕਿ ਸਰਕਾਰ ਇਸ ਮੁਹਿਮ ਵਿਚ ਕੋਈ ਢਿੱਲ ਨਹੀਂ ਵਰਤ ਰਹੀ। ਸਾਲ 2026-27 ਦੇ ਸੀਜ਼ਨ ਲਈ ਕਿਸਾਨਾਂ ਨੇ ਲਗਭਗ 201 ਕਰੋੜ ਰੁਪਏ ਦੀ ਸਬਸਿਡੀ ਦਾ ਲਾਭ ਲੈਂਦਿਆਂ 22,763 ਸੀ.ਆਰ.ਐਮ. ਮਸ਼ੀਨਾਂ ਖ਼ਰੀਦ ਲਈਆਂ ਹਨ, ਜਿਸ ਨਾਲ ਪੰਜਾਬ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਪਿਛਲੇ ਸਾਲ ਦੌਰਾਨ ਕਿਸਾਨਾਂ ਨੂੰ ਮੁਹੱਈਆ ਕਰਵਾਈਆਂ ਗਈਆਂ 13,147 ਮਸ਼ੀਨਾਂ ਦੇ ਮੁਕਾਬਲੇ 67 ਫ਼ੀ ਸਦੀ ਦੇ ਵੱਡੇ ਵਾਧੇ ਨੂੰ ਦਰਸਾਉਂਦਾ ਹੈ। ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਅਸੀਂ ਇਹ ਯਕੀਨੀ ਬਣਾਇਆ ਹੈ ਕਿ ਵਿੱਤੀ ਤੰਗੀ ਕਾਰਨ ਕੋਈ ਵੀ ਕਿਸਾਨ ਵਾਤਾਵਰਣ-ਪੱਖੀ ਖੇਤੀ ਢੰਗ ਅਪਨਾਉਣ ਤੋਂ ਪਿੱਛੇ ਨਾ ਰਹੇ। ਉਨ੍ਹਾਂ ਕਿਹਾ ਕਿ ਸਾਲ 2022-23 ਤੋਂ ਹੁਣ ਤਕ 1325 ਕਰੋੜ ਰੁਪਏ ਤੋਂ ਵੱਧ ਦੇ ਖ਼ਰਚ ਨਾਲ 94,000 ਤੋਂ ਵੱਧ ਸੀ.ਆਰ.ਐਮ. ਮਸ਼ੀਨਾਂ ਮੁਹੱਈਆ ਕਰਵਾਉਣਾ ਪੰਜਾਬ ਦੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਅਤੇ ਸਾਫ਼ ਤੇ ਸਵੱਛ ਵਾਤਾਵਰਣ ਪ੍ਰਤੀ ਸਾਡੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਮੁਹਿਮ ਦੇ ਸਾਲ-ਵਾਰ ਵੇਰਵੇ ਦਿੰਦਿਆਂ ਖੇਤੀਬਾੜੀ ਮੰਤਰੀ ਨੇ ਦਸਿਆ ਕਿ 2022-23 ਦੌਰਾਨ 27,250 ਮਸ਼ੀਨਾਂ ਲਈ 279.96 ਕਰੋੜ ਰੁਪਏ, 2023-24 ਵਿਚ 13,179 ਮਸ਼ੀਨਾਂ ਲਈ 168.88 ਕਰੋੜ ਰੁਪਏ ਸਬਸਿਡੀ, 2024-25 ਵਿਚ 18,117 ਮਸ਼ੀਨਾਂ ਲਈ 259.81 ਕਰੋੜ ਰੁਪਏ ਅਤੇ 2025-26 ਦੌਰਾਨ 13,147 ਮਸ਼ੀਨਾਂ ਲਈ 415.7 ਕਰੋੜ ਰੁਪਏ ਦੀ ਸਬਸਿਡੀ ਜਾਰੀ ਕੀਤੀ ਗਈ ਹੈ। ਪਰਾਲੀ ਸਾੜਨ ਵਿਰੁਧ ਪੰਜਾਬ ਸਰਕਾਰ ਦੀ ਜ਼ੀਰੋ-ਸਹਿਣਸ਼ੀਲਤਾ ਨੀਤੀ ਨੂੰ ਦੁਹਰਾਉਂਦਿਆਂ ਖੇਤੀਬਾੜੀ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵਾਤਾਵਰਣ ਅਤੇ ਜਨਤਕ ਸਿਹਤ ਦੀ ਰਾਖੀ ਲਈ ਸਬਸਿਡੀ 'ਤੇ ਮਿਲਣ ਵਾਲੀ ਪਰਾਲੀ ਪ੍ਰਬੰਧਨ ਮਸ਼ੀਨਰੀ ਦਾ ਵੱਧ ਤੋਂ ਵੱਧ ਇਸਤੇਮਾਲ ਕਰਨ। ਉਨ੍ਹਾਂ ਕਿਹਾ ਕਿ ਸਾਲ 2026-27 ਲਈ 22,000 ਤੋਂ ਵੱਧ ਮਸ਼ੀਨਾਂ ਦੀ ਸਮੇਂ ਸਿਰ ਖ਼ਰੀਦ ਨੇ ਇਹ ਯਕੀਨੀ ਬਣਾਇਆ ਹੈ ਕਿ ਪੰਜਾਬ ਇਸ ਮੰਤਵ ਲਈ ਪੂਰੀ ਤਰ੍ਹਾਂ ਤਿਆਰ ਹੈ, ਜੋ ਕਿਸਾਨਾਂ ਲਈ ਪਰਾਲੀ ਨੂੰ ਅੱਗ ਲਾਏ ਬਿਨਾਂ ਇਸ ਦੇ ਵਿਗਿਆਨਕ ਢੰਗ ਨਾਲ ਪ੍ਰਬੰਧਨ ਵਿਚ ਵਧੇਰੇ ਸਹਾਈ ਸਿੱਧ ਹੋਵੇਗਾ। ਸਰਕਾਰ ਦੀ ਕਿਸਾਨ-ਪੱਖੀ ਪਹੁੰਚ 'ਤੇ ਜ਼ੋਰ ਦਿੰਦਿਆਂ ਖੁੱਡੀਆਂ ਨੇ ਦਸਿਆ ਕਿ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਸਮਰੱਥ ਬਣਾਉਣ ਲਈ ਕਸਟਮ ਹਾਇਰਿੰਗ ਸੈਂਟਰ (ਸੀ.ਐਚ.ਸੀ.) ਦੇ 75 ਫ਼ੀ ਸਦੀ ਫ਼ੰਡ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ (ਪੀਏਸੀਐਸ) ਲਈ ਰਾਖਵੇਂ ਰੱਖੇ ਗਏ ਹਨ, ਜਦਕਿ ਵਿਆਪਕ ਆਈ.ਈ.ਸੀ. ਮੁਹਿੰਮ ਤਹਿਤ ਬਾਇਓ-ਡੀਕੰਪੋਜ਼ਰ ਦੀ ਵਰਤੋਂ ਲਈ 6 ਕਰੋੜ ਰੁਪਏ ਰੱਖੇ ਗਏ ਹਨ।

ਪੰਜਾਬ ਪੁਲਿਸ ਨੇ ਸੂਬੇ ਭਰ ਦੇ 214 ਬੱਸ ਅੱਡਿਆਂ 'ਤੇ ਚਲਾਈ ਤਲਾਸ਼ੀ ਮੁਹਿੰਮ

ਚੰਡੀਗੜ੍ਹ, 4 ਨਵੰਬਰ (ਸਸਸ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਸੂਬੇ ਭਰ ਵਿਚ ਦੀਵਾਲੀ ਦੇ ਤਿਉਹਾਰ ਨੂੰ ਸੁਰੱਖਿਅਤ ਅਤੇ ਸ਼ਾਂਤੀਪੂਰਵਕ ਢੰਗ ਨਾਲ ਮਨਾਉਣਾ ਯਕੀਨੀ ਬਣਾਉਣ ਲਈ, ਪੰਜਾਬ ਪੁਲਿਸ ਵਲੋਂ ਅੱਜ ਸੂਬੇ ਭਰ ਦੇ 214 ਬੱਸ ਅੱਡਿਆਂ 'ਤੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਕਾਸੋ) ਚਲਾਈ ਗਈ। ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਇਹ ਮੁਹਿਮ ਸੂਬੇ ਦੇ ਸਾਰੇ 28 ਪੁਲਿਸ ਜ਼ਿਲਿ ਆਂ ਵਿੱਚ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤਕ ਇੱਕੋ ਸਮੇਂ ਚਲਾਈ ਗਈ। ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਪ੍ਰਵੀਨ ਸਿਨਹਾ, ਜੋ ਨਿੱਜੀ ਤੌਰ 'ਤੇ ਇਸ ਸੂਬਾ-ਪੱਧਰੀ ਅਪਰੇਸ਼ਨ ਦੀ ਨਿਗਰਾਨੀ ਕਰ ਰਹੇ ਸਨ, ਨੇ ਦਸਿਆ ਕਿ ਇਸ ਮੁਹਿਮ ਨੂੰ ਸਫ਼ਲ ਬਣਾਉਣ ਲਈ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਗਜ਼ਟਿਡ ਅਧਿਕਾਰੀਆਂ ਦੀ ਅਗਵਾਈ ਹੇਠ ਭਾਰੀ ਪੁਲਿਸ ਬਲ ਤਾਇਨਾਤ ਕਰਨ ਦੇ ਨਿਰਦੇਸ਼ ਦਿਤੇ ਗਏ ਹਨ। ਉਨ੍ਹਾਂ ਦਸਿਆ ਕਿ ਸੂਬੇ ਦੇ ਬੱਸ ਅੱਡਿਆਂ 'ਤੇ ਚਲਾਈ ਗਈ ਇਸ ਮੁਹਿੰਮ ਦੌਰਾਨ 1161 ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਗਈ। ਸਪੈਸ਼ਲ ਡੀਜੀਪੀ ਨੇ ਜਾਣਕਾਰੀ ਦਿਤੀ ਕਿ 100 ਤੋਂ ਵੱਧ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 216 ਪੁਲਿਸ ਟੀਮਾਂ ਨੇ ਸੂਬੇ ਭਰ ਵਿਚ ਛਾਪੇਮਾਰੀ ਕੀਤੀ। ਇਸ ਤੋਂ ਇਲਾਵਾ, ਪੁਲਿਸ ਟੀਮਾਂ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 613ਵੇਂ ਦਿਨ ਅੱਜ 301 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿਚ 86 ਐਫ਼ਆਈਆਰਜ਼ ਦਰਜ ਕਰ ਕੇ 112 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 613 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 91,031 ਤਕ ਪਹੁੰਚ ਗਈ ਹੈ। ਸਪੈਸ਼ਲ ਡੀਜੀਪੀ ਨੇ ਦਸਿਆ ਕਿ ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਕੋਲੋਂ 2.5 ਕਿਲੋ ਹੈਰੋਇਨ, 2.5 ਕਿਲੋ ਅਫ਼ੀਮ, 488 ਨਸ਼ੀਲੀਆਂ ਗੋਲੀਆਂ ਅਤੇ 2.24 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਪੰਜਾਬ ਸਰਕਾਰ ਦੇ ਸਹਿਯੋਗ ਨਾਲ 13 ਤੋਂ 15 ਨਵੰਬਰ ਤਕ ਕਰਵਾਇਆ ਜਾਵੇਗਾ 10ਵਾਂ ਮਿਲਟਰੀ ਲਿਟਰੇਚਰ ਫ਼ੈਸਟੀਵਲ : ਮੋਹਿੰਦਰ ਭਗਤ



ਚੰਡੀਗੜ੍ਹ, 4 ਨਵੰਬਰ (ਸਸਸ) : ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਵਿਭਾਗ ਦੀ ਅਹਿਮ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ 13 ਤੋਂ 15 ਨਵੰਬਰ, 2026 ਤਕ ਚੰਡੀਗੜ੍ਹ ਦੇ ਸੈਕਟਰ 5 ਸਥਿਤ ਲੇਕ ਕਲੱਬ ਵਿਖੇ ਹੋਣ ਵਾਲੇ 10ਵੇਂ ਮਿਲਟਰੀ ਲਿਟਰੇਚਰ ਫ਼ੈਸਟੀਵਲ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਦੌਰਾਨ ਮੰਤਰੀ ਨੇ ਸਾਬਕਾ ਸੈਨਿਕਾਂ ਨਾਲ ਸਬੰਧਤ ਮੁੱਦਿਆਂ ਦੀ ਮੌਜੂਦਾ ਸਥਿਤੀ ਦੀ ਸਮੀਖਿਆ ਕੀਤੀ ਅਤੇ ਸਬੰਧਤ ਅਧਿਕਾਰੀਆਂ ਨੂੰ ਉਨ੍ਹਾਂ ਦੀ ਭਲਾਈ ਸਬੰਧੀ ਮਸਲਿਆਂ 'ਤੇ ਸਮੇਂ ਸਿਰ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿਤੇ। ਮੰਤਰੀ ਨੇ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ, ਹੈੱਡਕੁਆਰਟਰ ਵੈਸਟਰਨ ਕਮਾਂਡ ਅਤੇ ਭਾਗ ਲੈਣ ਵਾਲੀਆਂ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਵੱਕਾਰੀ ਸਮਾਗਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਪੰਜਾਬ ਸਰਕਾਰ ਵਲੋਂ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਮਾਗਮ ਭਾਰਤ ਦੀ ਸ਼ਾਨਾਮੱਤੀ ਫ਼ੌਜੀ ਵਿਰਾਸਤ, ਹਥਿਆਰਬੰਦ ਬਲਾਂ ਦੀ ਬਹਾਦਰੀ ਅਤੇ ਦੇਸ਼ ਦੀ ਸੇਵਾ ਵਿਚ ਸੈਨਿਕਾਂ ਵਲੋਂ ਦਿਤੀਆਂ ਗਈਆਂ ਮਹਾਨ ਕੁਰਬਾਨੀਆਂ ਨੂੰ ਦਰਸਾਉਣ ਲਈ ਇਕ ਅਹਿਮ ਮੰਚ ਹੋਵੇਗਾ। ਇਹ ਸਮਾਗਮ ਆਮ ਲੋਕਾਂ ਲਈ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤਕ ਚੱਲੇਗਾ।

ਮਿਲਾਵਟਖੋਰੀ ਵਿਰੁਧ ਸਰਕਾਰ ਦੀ ਵੱਡੀ ਕਾਰਵਾਈ, ਕਰੋੜਾਂ ਦੇ ਅਸੁਰੱਖਿਅਤ ਖਾਧ ਪਦਾਰਥ ਜ਼ਬਤ



ਚੰਡੀਗੜ੍ਹ, 4 ਨਵੰਬਰ (ਸਸਸ) : ਤਿਉਹਾਰਾਂ ਦੇ ਮੱਦੇਨਜ਼ਰ ਪੰਜਾਬ ਦੇ ਖੁਰਾਕ ਸੁਰੱਖਿਆ ਵਿਭਾਗ ਨੇ ਸੂਬੇ ਭਰ ਵਿੱਚ ਮਿਲਾਵਟਖੋਰੀ ਨੂੰ ਰੋਕਣ ਲਈ ਵਿਸ਼ੇਸ਼ ਮੁਹਿਮ ਵਿੱਢੀ ਹੋਈ ਹੈ। ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਅਤੇ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਦੀਆਂ ਹਦਾਇਤਾਂ 'ਤੇ ਵਿਭਾਗ ਦੀਆਂ ਟੀਮਾਂ ਵੱਲੋਂ ਸਾਰੇ 23 ਜ਼ਿਲ੍ਹਿਆਂ ਦੀਆਂ ਮੰਡੀਆਂ, ਮਿਠਾਈ ਦੀਆਂ ਦੁਕਾਨਾਂ, ਡੇਅਰੀਆਂ ਅਤੇ ਰੈਸਟੋਰੈਂਟਾਂ 'ਚ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਨੇ ਸਾਫ਼ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਹੈ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ ਜ਼ੀਰੋ-ਟਾਲਰੈਂਸ ਨੀਤੀ ਅਧੀਨ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੁਹਿਮ ਦੌਰਾਨ ਵਿਭਾਗ ਨੇ ਪਿਛਲੇ ਇੱਕ ਮਹੀਨੇ ਵਿੱਚ ਦੇਸੀ ਘਿਓ, ਦੁੱਧ, ਪਨੀਰ, ਖੋਆ, ਮਿਠਾਈਆਂ ਅਤੇ ਖਾਣ ਵਾਲੇ ਤੇਲ ਉੱਤੇ ਤਿੱਖੀ ਨਜ਼ਰ ਰੱਖਦਿਆਂ 11 ਟਨ ਤੋਂ ਵੱਧ ਸ਼ੱਕੀ ਖੁਰਾਕੀ ਪਦਾਰਥ ਜ਼ਬਤ ਕੀਤੇ ਹਨ। ਇਸ ਤੋਂ ਇਲਾਵਾ ਲਗਭਗ 5 ਟਨ ਖਰਾਬ ਅਤੇ ਅਯੋਗ ਮਿਲਾਵਟੀ ਸਮੱਗਰੀ ਨੂੰ ਮੌਕੇ 'ਤੇ ਹੀ ਨਸ਼ਟ ਕਰਵਾਇਆ ਗਿਆ ਹੈ। ਲੈਬਾਰਟਰੀ ਜਾਂਚ ਲਈ ਕੁੱਲ 1950 ਨਮੂਨੇ ਲਏ ਗਏ ਸਨ, ਜਿਨ੍ਹਾਂ ਵਿੱਚੋਂ ਦੁੱਧ ਅਤੇ ਦੁੱਧ ਉਤਪਾਦਾਂ ਦੇ 437 ਨਮੂਨਿਆਂ ਦੀ ਜਾਂਚ ਦੌਰਾਨ 218 ਨਮੂਨੇ ਮਿਆਰ 'ਤੇ ਖਰੇ ਨਹੀਂ ਉਤਰੇ ਅਤੇ 51 ਨਮੂਨੇ ਅਸੁਰੱਖਿਅਤ ਪਾਏ ਗਏ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਾਰੋਬਾਰੀਆਂ ਵਿਰੁਧ ਕੇਸ ਦਰਜ ਕਰ ਲਏ ਗਏ ਹਨ।

Notice inviting Bids

The Punjab Waqf Board intends to lease out its following properties as per the UMEED [Waqf] Act, 1995 and the Rules framed there under, as amended from time to time, through bids to be held on 10.11.2026 at 09:00 A.M. in the Office of the Estate Officer, Punjab Waqf Board, 166, Punjabi Bagh, Patiala, 147001:

1.The Waqf property measuring 2750 sq yds comprised in Khasra No 936 situated at AlipurAraian, Patiala for residential purpose for 35 months with reserve price of Rs. 10.67 per sq yd per month.

The interested person may reach the Office of the Estate officer, PWB, Patiala on dated 10.11.2026. The remaining terms and conditions will be explained on the spot. All rights will be reserved with the Estate Officer for cancellation of the bid.

-sd/-
Estate Officer, PWB, Patiala

kotak Kotak Mahindra Bank

ਸੂਚਨਾ

ਕੋਟਕ ਮਹਿੰਦਰਾ ਬੈਂਕ ਲਿਮਿਟੇਡ ਦੀ **ਸੈਕਟਰ 9-ਸੀ, ਚੰਡੀਗੜ੍ਹ ਸ਼ਾਖਾ,** ਜੋ ਕਿ **ਐਸ.ਸੀ.ਓ. 153-154-155, ਮੱਧ ਮਾਰਗ, ਸੈਕਟਰ 9-ਸੀ, ਚੰਡੀਗੜ੍ਹ** ਵਿਖੇ ਸਥਿਤ ਹੈ, ਵਿੱਚ **ਮਕਾਨ ਨੰਬਰ 3, ਸੈਕਟਰ 10, ਚੰਡੀਗੜ੍ਹ - 160010** ਦੇ ਵਸਨੀਕ **ਸ਼੍ਰੀ ਜੈਜੀਤ ਸਿੰਘ** ਵੱਲੋਂ ਕਿਰਾਏ 'ਤੇ ਲਏ ਗਏ ਲਾਕਰ ਦਾ ਕਿਰਾਇਆ ਪਿਛਲੇ ਲਗਾਤਾਰ ਸੱਤ ਸਾਲਾਂ ਤੋਂ ਬਕਾਇਆ ਹੈ।

ਲਾਕਰ ਦਾ ਕਿਰਾਇਆ ਅਦਾ ਕਰਨ ਲਈ **ਸ਼੍ਰੀ ਜੈਜੀਤ ਸਿੰਘ** ਨੂੰ ਭੇਜੇ ਗਏ ਸਾਰੇ ਪੱਤਰ ਬਿਨਾਂ ਤਾਮੀਲ ਹੋਏ ਵਾਪਸ ਆ ਗਏ ਹਨ। ਉਹਨਾਂ ਨਾਲ ਉਪਰੋਕਤ ਪਤੇ 'ਤੇ ਸੰਪਰਕ ਨਹੀਂ ਹੋ ਸਕਿਆ ਅਤੇ ਨਾ ਹੀ ਉਹਨਾਂ ਵੱਲੋਂ ਦਿੱਤੇ ਗਏ ਸੰਪਰਕ ਵੇਰਵਿਆਂ (ਅਰਥਾਤ ਈ-ਮੇਲ ਆਈਡੀ ਅਤੇ ਮੋਬਾਈਲ ਨੰਬਰ) ਰਾਹੀਂ ਉਹਨਾਂ ਨਾਲ ਸੰਪਰਕ ਹੋ ਸਕਿਆ ਹੈ।

ਇਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਨੋਟਿਸ ਦੇ ਬਾਵਜੂਦ, ਜੇਕਰ **ਸ਼੍ਰੀ ਜੈਜੀਤ ਸਿੰਘ** ਵੱਲੋਂ ਇਸ ਨੋਟਿਸ ਦੀ ਮਿਤੀ ਤੋਂ **90 ਦਿਨਾਂ** ਦੇ ਅੰਦਰ ਉਕਤ ਲਾਕਰ ਦਾ ਬਕਾਇਆ ਕਿਰਾਇਆ ਅਦਾ ਨਹੀਂ ਕੀਤਾ ਜਾਂਦਾ, ਤਾਂ ਬੈਂਕ ਵੱਲੋਂ **03 ਫਰਵਰੀ 2027 ਨੂੰ ਦੁਪਹਿਰ ਲਗਭਗ 12:00 ਵਜੇ** ਉਕਤ ਲਾਕਰ ਨੂੰ ਤੋੜ ਕੇ ਖੋਲ੍ਹਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।

equitas Equitas Small Finance Bank

ਈਕਿਊਟਸ ਸਮਾਲ ਫਾਈਨਾਂਸ ਬੈਂਕ ਲਿਮ.

(ਪਹਿਲਾਂ ਈਕਿਊਟਸ ਫਾਇਨਾਂਸ ਲਿਮਟਿਡ ਨਾਲ ਜਾਣੇ ਜਾਂਦੇ)
ਰਜਿਸਟਰਡ ਦਫਤਰ ਨੰ: 769, ਸਪੈਂਸਰ ਪਲਾਜ਼ਾ,
ਚੌਥੀ ਮੰਜਿਲ, ਫੇਸ 2, ਅੰਨਾ ਸਲਾਈ, ਚੇਨੰਈ ਤਾਮਿਲਨਾਡੂ 600 002

ਡਿਮਾਂਡ ਨੋਟਿਸ
ਸਰਫਾਇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਨੋਟਿਸ

ਇਸ ਦੁਆਰਾ ਨੋਟਿਸ ਦਿੱਤਾ ਗਿਆ ਹੈ ਕਿ ਹੇਠ ਲਿਖੇ ਕਰਜ਼ਦਾਰਾਂ ਨੇ ਈਕਿਊਟਸ ਹਾਊਸਿੰਗ ਫਾਈਨਾਂਸ ਲਿਮਟਿਡ (ਈਐਚਐਫਐਲ)/ਈਕਿਊਟਸ ਫਾਈਨਾਂਸ ਲਿਮਟਿਡ (ਈਐਫਐਲ)/ ਈਕਿਊਟਸ ਸਮਾਲ ਫਾਈਨਾਂਸ ਬੈਂਕ ਲਿਮ. (ਈਐਸਐਫਬੀ) ਤੋਂ ਕਰਜ਼ਾ ਲਿਆ ਹੈ। ਉਪਰੋਕਤ ਕਰਜ਼ਦਾਰ ਕਿਸ਼ਤਾਂ ਅਦਾ ਕਰਨ ਵਿਚ ਨਾਕਾਮ ਰਹੇ ਹਨ ਅਤੇ ਆਰਬੀਆਈ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਨ੍ਹਾਂ ਦਾ ਲੋਨ ਖਾਤਾ ਨਾਨ ਪ੍ਰਫਾਰਮਿੰਗ ਐਸੇਟ ਐਲਾਨ ਦਿੱਤਾ ਗਿਆ ਹੈ। ਸਕਿਓਰਡ ਅਚੱਲ ਜਾਇਦਾਦ/ਜਾਇਦਾਦਾਂ ਦੇ ਵੇਰਵੇ, ਲੋਨ ਅਤੇ ਮਿਤੀ ਨੂੰ ਅਦਾਇਗੀਯੋਗ ਬਕਾਇਆ ਰਕਮ ਹੇਠ ਦਰਸਾਏ ਅਨੁਸਾਰ ਹੈ। ਕਰਜ਼ਦਾਰ(ਾਂ) ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਓਰਡ ਕ੍ਰੈਡੀਟਰ ਦਾ ਅਧਿਕਾਰਤ ਅਫ਼ਸਰ ਹੋਣ ਦੇ ਨਾਤੇ, ਸਰਫਾਇਸੀ ਐਕਟ ਦੀਆਂ ਧਾਰਾਵਾਂ ਅਧੀਨ ਹੇਠ ਲਿਖੇ ਕਰਜ਼ਦਾਰ(ਾਂ) ਵਿਰੁਧ ਕਾਰਵਾਈ ਸ਼ੁਰੂ ਕੀਤੀ ਹੈ ਅਤੇ ਉਕਤ ਜਾਇਦਾਦ ਸਬੰਧੀ ਕੋਈ ਸੌਦਾ ਨਾ ਕੀਤਾ ਜਾਵੇ, ਇਸ ਨੋਟਿਸ ਦੇ 60 (ਸੱਠ) ਦਿਨਾਂ ਦੇ ਅੰਦਰ ਅੰਦਰ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਇਆ ਬਕਾਇਆ ਅਦਾ ਕਰਨ ਵਿਚ ਅਸਫ਼ਲ ਰਹਿਣ 'ਤੇ ਨਿਮਨ ਹਸਤਾਖਰੀ ਸਰਫਾਇਸੀ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਅਧੀਨ ਇਕ ਜਾਂ ਵੱਧ ਸ਼ਕਤੀਆਂ ਦੀ ਵਰਤੋਂ ਕਰਦਿਆਂ ਜਾਇਦਾਦ/ਜਾਇਦਾਦਾਂ ਦਾ ਕਬਜ਼ਾ ਲੈਣ ਸਮੇਤ ਵੇਚਣ ਲਈ ਕਾਰਵਾਈ ਕਰੇਗਾ।

ਲੜੀ ਨੰ.	ਕਰਜ਼ਦਾਰ(ਾਂ)/ਗਰੰਟਰ(ਾਂ) ਦਾ ਨਾਮ, ਬ੍ਰਾਂਚ ਦਾ ਨਾਮ	13(2) ਨੋਟਿਸ ਦੀ ਮਿਤੀ ਨੂੰ ਦਾਅਵਾ ਕੀਤੀ ਰਕਮ	ਸਕਿਊਰਡ ਐਸਟ ਦਾ ਵੇਰਵਾ (ਅਚੱਲ ਜਾਇਦਾਦ)
1.	ਬ੍ਰਾਂਚ : ਮੋਗਾ ਲੋਨ ਨੰ: 700012174160 ਕਰਜ਼ਦਾਰ ਨਾਮ: ਸ੍ਰੀ/ਸ੍ਰੀਮਤੀ ਅਜੈ ਕੁਮਾਰ ਸਹਿ ਕਰਜ਼ਦਾਰ: ਸ੍ਰੀ/ਸ੍ਰੀਮਤੀ ਸੋਨਾਲੀ ਏ	24-09-2026 and Amount Rs.12,52,898	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਗੈਰ ਖੇਤੀਬਾੜੀ ਅਤੇ ਰਿਹਾਇਸ਼ੀ ਜਾਇਦਾਦ ਮਿਣਤੀ 2 ਮਰਲੇ ਸਥਿਤ ਹੈ ਜ਼ੀਰਾ ਤਹਿਸੀਲ ਜ਼ੀਰਾ ਜਿਲ੍ਹਾ ਫਿਰੋਜ਼ਪੁਰ- 2/21 ਹਿੱਸਾ ਜ਼ਮੀਨ 1 ਕਨਾਲ 1 ਮਰਲੇ ਜੋ ਕਿ ਖਸਰਾ ਨੰ. 130//17/2/3(1-1), ਖੇਵਟ ਨੰ. 2181, ਖਤੌਨੀ ਨੰ. 2623 ਸਾਲ 2020-21 ਲਈ ਜਮਾਂਬੰਦੀ ਦੀ ਨਕਲ ਅਨੁਸਾਰ ਸੇਲ ਡੀਡ ਨੰ. 2023-24/117/1/993 ਮਿਤੀ 08.08.2023, ਇਸ 'ਤੇ ਮੌਜੂਦਾ ਅਤੇ ਭਵਿੱਖੀ ਸੁਪਰ ਢਾਂਚੇ ਸਮੇਤ ਸੇਲ ਡੀਡ ਅਨੁਸਾਰ ਮਿਣਤੀ 2 ਮਰਲੇ (544ਵ.ਫ਼ੁਟ), ਐਕਸਟੈਂਸ਼ਨ ਵ.ਫ਼ੁਟ: 544, ਰਜਿਸਟ੍ਰੇਸ਼ਨ ਜ਼ਿਲ੍ਹਾ: ਫਿਰੋਜ਼ਪੁਰ, ਰਜਿਸਟ੍ਰੇਸ਼ਨ ਦਫਤਰ: ਜ਼ੀਰਾ, ਉਤਰ: ਗਲੀ 15-6 ਫ਼ੁਟ, ਦੱਖਣ: ਪਵਨ ਉਰਫ ਪੰਮਾ ਦਾ ਮਕਾਨ 15-6 ਫ਼ੁਟ, ਪੂਰਬ: ਦੀਪਕ ਨਰੂਲਾ ਦਾ ਮਕਾਨ 35 ਫ਼ੁਟ, ਪੱਛਮ: ਅਸ਼ਵਨੀ ਕੁਮਾਰ ਦਾ ਮਕਾਨ 35 ਫ਼ੁਟ।
2.	ਬ੍ਰਾਂਚ : ਅੰਮ੍ਰਿਤਸਰ ਲੋਨ ਨੰ: EMFAMRTS0042624 ELPAMRTS0042626 ਕਰਜ਼ਦਾਰ ਨਾਮ: ਸ੍ਰੀ ਸਤਨਾਮ ਸਿੰਘ ਸਹਿ ਕਰਜ਼ਦਾਰ: ਸ੍ਰੀਮਤੀ ਗੁਰਸਿਮਰਨ ਕੌਰ	14-10-2026 and Amount Rs.21,58,575	[illegible]

ਮਿਤੀ : 05.11.2026
ਸਥਾਨ : ਪੰਜਾਬ
ਸਹੀ/- ਅਧਿਕਾਰਤ ਅਫ਼ਸਰ
ਈਕਿਊਟਸ ਸਮਾਲ ਫਾਈਨਾਂਸ ਬੈਂਕ ਲਿਮ.

ਅਲਕੈਮਿਸਟ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ

ਏ-270 (ਐਫਐਫ ਅਤੇ ਐਸਐਫ), ਡਿਫੈਂਸ ਕਾਲੋਨੀ, ਨਵੀਂ ਦਿੱਲੀ-110024, ਟੈਲੀ: 91-11-46562580-83
ਫੈਕਸ : 91-11-46562584, ਈਮੇਲ : admin@alchemistarc.com, ਵੈਬ.: www.alchemistarc.com

ਨਿਲਾਮੀ ਵਿਕਰੀ ਸੂਚਨਾ

[ਕ੍ਰਿਪਾ ਕਰਕੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦਾ ਰੂਲ 8(6) ਅਤੇ ਅੰਤਿਕਾ IV A ਦੇਖੋ]

ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ, 2002 ਨਾਲ ਪੜ੍ਹੇ ਜਾਂਦੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਅਤੇ ਰੂਲ 6(2) ਦੀਆਂ ਤਜਵੀਜ਼ਾਂ ਅਧੀਨ ਚੱਲ ਅਤੇ ਅਚੱਲ ਸਕਿਓਰਡ ਐਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ।

ਆਮ ਜਨਤਾ ਅਤੇ ਅਤੇ ਵਿਸ਼ੇਸ਼ ਕਰਕੇ ਮੈਸ. ਕਾਲਜ ਅਸਟੇਟਸ ਪ੍ਰਾਈਵੇਟ ਲਿਮਟਿਡ (ਜਿਸ ਪਿਛੋਂ 'ਕਰਜ਼ਦਾਰ ਅਤੇ ਗਿਰਵੀਕਾਰ' ਕਿਹਾ ਗਿਆ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡੀਟਰ ਕੋਲ ਗਿਰਵੀ ਹੇਠ ਦਰਸਾਏ ਸਕਿਓਰਡ ਐਸਟਸ ਜਿਸ ਦਾ ਕਬਜ਼ਾ 15.09.2016 ਨੂੰ ਲਿਆ ਜਾ ਚੁੱਕਾ ਹੈ ਯੂਨੀਟਿਡ ਬੈਂਕ ਆਫ਼ ਇੰਡੀਆ (ਯੂਬੀਆਈ) (ਯੂਬੀਆਈ, ਅਲਕੈਮਿਸਟ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਏਆਰਸੀ) ਵਲੋਂ ਕਰਜੇ ਦੀ ਅਸਾਈਨਮੈਂਟ ਪਿਛੋਂ ਸਕਿਓਰਡ ਕ੍ਰੈਡੀਟਰ ਹੋ ਗਿਆ ਹੈ) ਲਿਆ ਜਾ ਚੁੱਕਾ ਹੈ, ਕਬਜ਼ਾ ਹੁਣ ਏਆਰਸੀ ਦੇ ਅਧਿਕਾਰਤ ਅਫ਼ਸਰ (ਅਲਕੈਮਿਸਟ-XI ਟਰੱਸਟ ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ), ਵਲੋਂ 'ਜਿਵੇਂ ਜਿੱਥੇ ਹੈ', 'ਜੋ ਵੀ ਜਿਵੇਂ ਹੈ' ਅਤੇ 'ਜੋ ਵੀ ਉੱਥੇ ਹੈ' ਅਤੇ 'ਬਿਨਾਂ ਕਿਸੇ ਵਸੀਲੇ ਤੋਂ' ਦੇ ਆਧਾਰ 'ਤੇ ਅਲਕੈਮਿਸਟ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮ. ਦੇ ਅਧਿਕਾਰਤ ਅਫ਼ਸਰ ਵਲੋਂ 'ਵੈਬਸਾਈਟ https://www.bankeauctions.com 'ਤੇ ਆਨਲਾਈਨ ਈ ਨਿਲਾਮੀ ਏਜੰਸੀ, ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਰਾਹੀਂ 23.11.2026 ਨੂੰ ਸਵੇਰੇ 11.30 ਵਜੇ ਤੋਂ ਅਣਮਿਥੇ ਪੰਜ ਮਿੰਟ ਦੇ ਵਾਧੇ ਨਾਲ, ਜੇ ਹਰੇਕ ਬੋਲੀ ਈ ਨਿਲਾਮੀ ਤੋਂ ਪਹਿਲਾਂ ਵਧਾਈ ਜਾਂਦੀ ਹੈ, ਕੁੱਲ ਬਕਾਇਆ ਰੁ. 39,45,89,028.98/- ਮਿਤੀ 31.10.2026 ਨੂੰ ਸਮੇਤ ਅਗਾਊਂ ਵਿਆਜ ਅਤੇ ਏਆਰਸੀ ਦੇ ਬਕਾਇਆ ਚਾਰਜਿਜ਼ ਵਸੂਲੀ ਲਈ ਵੇਚੀ ਜਾਵੇਗੀ। ਅਚੱਲ ਸਕਿਓਰਡ ਐਸਟਸ ਦੀ ਵਿਕਰੀ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ :

ਲੌਟ	ਅਚੱਲ ਸਕਿਓਰਡ ਐਸਟਸ ਦੇ ਵੇਰਵੇ	ਰਾਖਵੀਂ ਕੀਮਤ	ਈਐਮਡੀ ਅਤੇ ਨਿਲਾਮੀ ਦੇ ਵੇਰਵੇ
1.	ਬੇਸਮੈਂਟ 1, ਰਕਬਾ ਮਿਣਤੀ 97,097 ਵ. ਫ਼ੁਟ, ਬੇਸਮੈਂਟ-2 ਰਕਬਾ ਮਿਣਤੀ 94,541 ਵ. ਫ਼ੁਟ ਅਤੇ ਬੇਸਮੈਂਟ- 3 ਰਕਬਾ ਮਿਣਤੀ 22,235 ਵ. ਫ਼ੁਟ (ਪਾਰਕਿੰਗ) ਵੀਵਾ ਕਾਲਜ ਮਾਲ ਦੀ, ਸਥਿਤ ਹੈ 'ਤੇ ਨੈਸ਼ਨਲ ਹਾਈਵੇ 1, ਜਲੰਧਰ, ਪੰਜਾਬ ਵਿਖੇ ਮਲਕੀਅਤ ਮੈਸ. ਕਾਲਜ ਅਸਟੇਟ ਪ੍ਰਾ. ਲਿਮ. ਦੀ (ਸੰਕੇਤਕ ਕਬਜ਼ਾ ਲੈਣ ਦੀ ਮਿਤੀ: 15.09.2016) ਦੁਕਾਨ ਨੰ. ਟੀਐਫ-3, ਤੀਜੀ ਮੰਜ਼ਿਲ ਰਕਬਾ ਮਿਣਤੀ 4,835 ਵ. ਫ਼ੁਟ ਵੀਵਾ ਕਾਲਜ ਮਾਲ ਦਾ 'ਤੇ ਨੈਸ਼ਨਲ ਹਾਈਵੇ 1, ਜਲੰਧਰ, ਪੰਜਾਬ ਵਿਖੇ ਮਲਕੀਅਤ ਮੈਸ. ਕਾਲਜ ਅਸਟੇਟ ਪ੍ਰਾ. ਲਿਮ. ਦੀ (ਦੁਕਾਨ ਨੰ. ਟੀਐਫ-3 ਦਾ ਕਬਜ਼ਾ ਲੈਣ ਦੀ ਮਿਤੀ: 16.12.2017)	Rs. 11,56,00,000/-	ਈ- ਨਿਲਾਮੀ ਦੀ ਮਿਤੀ : 23.11.2026 ਈ- ਨਿਲਾਮੀ ਦਾ ਸਮਾਂ : 11:30 AM IST ਬਿਆਨਾ ਰਕਮ ਜਮਾਂ Rs. 1,15,60,000/- ਬੋਲੀ ਵਾਧਾ Rs. 1,00,000/-

ਨਿਯਮ ਅਤੇ ਸ਼ਰਤਾਂ: [illegible]

ਸਥਾਨ: ਦਿੱਲੀ, ਮਿਤੀ: 05.11.2026
ਸਹੀ/- (ਅਧਿਕਾਰਤ ਅਫ਼ਸਰ)

ਜਨਾ ਸਮਾਲ ਫਾਈਨਾਂਸ ਬੈਂਕ

(ਇਕ ਸ਼ਡਿਊਲਡ ਕਮਰਸ਼ੀਅਲ ਬੈਂਕ)
ਰਜਿਸਟਰਡ ਦਫ਼ਤਰ : ਦੀ ਫੇਅਰਵੇਅ, ਗਰਾਊਂਡ ਅਤੇ ਪਹਿਲੀ ਮੰਜ਼ਿਲ, ਸਰਵੇ ਨੰ. 10/1, 11/2 ਅਤੇ 12/2ਬੀ, ਆਫ਼ ਡੋਮਲੂਰ, ਕੋਰਮਾਨਗਲਾ ਇਨਰ ਰਿੰਗ ਰੋਡ, ਈਜੀਐਲ ਬਿਜ਼ਨਸ ਪਾਰਕ ਤੋਂ ਅੱਗੇ, ਚੱਲਾਘੱਟਾ, ਬੰਗਲੌਰ-560071, ਬ੍ਰਾਂਚ ਦਫ਼ਤਰ : 16/12, ਦੂਜੀ ਮੰਜ਼ਿਲ, ਡਬਲਿਊ.ਈ.ਏ. ਆਰੀਆ ਸਮਾਜ ਰੋਡ, ਕਰੋਲ ਬਾਗ, ਦਿੱਲੀ-110005

ਈ-ਨਿਲਾਮੀ ਨੋਟਿਸ

ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਅਤੇ 9 ਦੀ ਧਾਰਾ ਨਾਲ ਪੜ੍ਹੇ ਜਾਂਦੇ ਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ (ਸਰਫ਼ੇਸੀ ਐਕਟ) 2002 ਅਧੀਨ ਈ-ਨਿਲਾਮੀ ਰਾਹੀਂ ਵਿਕਰੀ ਲਈ ਜਨਤਕ ਸੂਚਨਾ

[illegible]

ਲੜੀ ਨੰ.	ਲੋਨ ਖਾਤਾ ਨੰਬਰ	ਅਸਲ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਦਾ ਨਾਮ	13-2 ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	02.11.2026 ਨੂੰ ਮੌਜੂਦਾ ਬਕਾਇਆ	ਜਾਇਦਾਦ ਦੀ ਪੜਤਾਲ ਦੀ ਮਿਤੀ ਅਤੇ ਸਮਾਂ	ਰਾਖਵੀਂ ਕੀਮਤ ਰੁ. 'ਚ	ਬਿਆਨਾ ਰਕਮ ਜਮ੍ਹਾਂ (ਈਐਮਡੀ) ਰੁ. 'ਚ	ਈ ਨਿਲਾਮੀ ਦੀ ਮਿਤੀ ਅਤੇ ਸਮਾਂ	ਬੋਲੀ ਜਮ੍ਹਾਂ ਕਰਨ ਲਈ ਆਖਰੀ ਮਿਤੀ ਸਮਾਂ ਅਤੇ ਸਥਾਨ
1	45859420001838	1. ਸ੍ਰੀ ਭਵਨ ਪੁੱਤਰ ਭਾਗੂ ਚੌਧਰੀ (ਬਿਨੈਕਾਰ) 2. ਸ੍ਰੀਮਤੀ ਸੋਨੂ ਦੇਵੀ ਪਤਨੀ ਸ੍ਰੀ ਭਵਨ (ਸਹਿ ਬਿਨੈਕਾਰ)	22-09-2025	30-06-2026	Rs.30,26,699.27	20.11.2026	Rs.28,49,472.00	Rs.2,84,947.20	26.11.2026	25.11.2026
2	45839420001936 & 45839430000682	1. ਸ੍ਰੀ ਸਿਕੰਦਰ ਸਿੰਘ ਪੁੱਤਰ ... 2. ... 3. ... ਸਿਕੰਦਰ ਸਿੰਘ (ਸਹਿ ਬਿਨੈਕਾਰ)	19-11-2025	09-07-2026	Rs.22,46,487.59	20.11.2026	Rs.12,80,572.00	Rs.1,28,057.20	26.11.2026	25.11.2026

[illegible]

ਮਿਤੀ : 04.11.2026, ਸਥਾਨ : ਲੁਧਿਆਣਾ ਅਤੇ ਜਲੰਧਰ
ਸਹੀ/- ਅਧਿਕਾਰਤ ਅਫ਼ਸਰ, ਜਨਾ ਸਮਾਲ ਫਾਈਨਾਂਸ ਬੈਂਕ ਲਿਮਟਿਡ ਲਈ